## 3 ਨਾਮ ਜਪਣ ਨਾਲ ਹੀ ਅਸਲ ਸੁਚੱਮਤਾ:

ਗਉੜੀ ਕਬੀਰ ਜੀ ॥
ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥
ਜਿਉ ਭਏ ਦਾਦੁਰ ਪਾਨੀ ਮਾਹੀ ॥੧॥

ਭਾਵੇਂ ਮਨੁਖ ਸਵੇਰ ਸ਼ਾਮ ਸੁਚੱਮਤਾ ਲਈ ਸਵੇਰ ਸ਼ਾਮ ਇਸ਼ਨਾਨ ਕਰੀ ਜਾਵੇ, ਇਸ ਨਾਲ ਮਨੁਖ ਅਧਿਆਤਮ ਵਾਦੀ ਨਹੀਂ ਹੋ ਸਕਦਾ, ਇਹ ਤਾਂ ਪਾਣੀ ਵਿਚ ਰਹਿਣ ਵਾਲੇ ਡੱਡੂ ਆਦਿ ਜੀਵਾਂ ਵਾਲਾ ਕਰਮ ਹੈ। ਡੱਡੂ ਵੀ ਪਾਣੀ ਵਿੱਚ ਡੁਬਕੀਆਂ ਲਾਉਂਦਾ ਹੀ ਰਹਿੰਦਾ ਹੈ।੧। ਕਬੀਰ ਜੀ ੪੮੪ ਪੰਨੇ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਜੇ ਕਿਸੇ ਕਿਸਮ ਦਾ ਇਸ਼ਨਾਨ ਕੀਤਿਆਂ ਪਰਮ ਗਤੀ ਹਾਸਲ ਹੋ ਸਕਦੀ ਤਾਂ ਡੱਡੂ ਤਾਂ ਰੋਜ਼ ਹੀ ਤੀਰਥ ਵਿਚ ਨਹਾਉਂਦਾ ਹੈ ਪਰ ਉਹ ਡੱਡੂ ਵੀ ਤੇ ਮਨੁੱਖ ਵੀ ਅਜਿਹਾ ਕਰਨ ਦੇ ਬਾਵਜੂਦ ਫ਼ਿਰ ਫ਼ਿਰ ਜੂਨਾਂ ਦੇ ਗੇੜ ਵਿਚ ਫ਼ਸੇ ਰਹਿੰਦੇ ਹਨ-ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ।। ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ।।
ਸਪੱਸ਼ਟ ਹੈ ਕਿ ਇਸ਼ਨਾਨ ਕਰਨ ਦਾ ਅਧਿਆਤਮਿਕਤਾ ਨਾਲ ਕੋਈ ਸਬੰਧ ਨਹੀਂ। ਅਸਲ ਵਿਚ ਇਸਦਾ ਸਬੰਧ ਸਿਰਫ਼ ਸਰੀਰਕ ਸਫਾਈ ਨਾਲ ਹੀ ਹੈ।

ਜਉ ਪੈ ਰਾਮ ਰਾਮ ਰਤਿ ਨਾਹੀ ॥
ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥

ਜਦੋਂ ਤਕ ਮਨੁਖ ਰਾਮ ਨਾਮ, ਭਾਵ, ਪਰਮੇਸ਼ਰ ਦੇ ਸਿਮਰਣ ਵਿਚ ਨਹੀਂ ਰੰਗੇ ਜਾਂਦੇ ਤਦ ਤਕ ਹੋਰ ਸਾਰੇ ਧਰਮ ਕਰਮ ਕਰਦੇ ਹੋਏ ਵੀ ਉਨ੍ਹਾਂ ਨੂੰ ਧਰਮ ਰਾਜ ਕੋਲ ਹੀ ਜਾਣਾ ਪੈਂਦਾ ਹੈ, ਭਾਵ, ਜਮਾਂ ਦੇ ਵਸ ਪੈਣਾ ਪੈਂਦਾ ਹੈ।੧।ਰਹਾਉ।

ਭਾਵ ਕਿਸੇ ਵੀ ਕਿਸਮ ਦੇ ਇਸ਼ਨਾਨ ਆਦਿ ਧਰਮ ਕਰਮ ਜਨਮ ਮਰਨ ਤੋਂ ਛੁਟਕਾਰਾ ਨਹੀਂ ਦਿਵਾ ਸਕਦੇ। ਜਮਾਂ ਤੋਂ ਮੁਕਤੀ ਦਿਵਾਉਣ ਲਈ ਨਾਮ ਵਿਚ ਰੰਗਿਆ ਜਾਣਾ ਜ਼ਰੂਰੀ ਹੀ ਹੈ।

## ਕਾਇਆ ਰਤਿ ਬਹੁ ਰੂਪ ਰਚਾਹੀ ॥
## ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥

ਆਪਣੇ ਸਰੀਰ ਨਾਲ ਪਿਆਰ ਕਰਨ ਵਾਲੇ ਭਾਵੇਂ ਕਿੰਨੇ ਹੀ ਰੂਪ ਬਣਾਉਂਦੇ ਹਨ, ਉਨ੍ਹਾਂ ਦੇ ਮਨ ਵਿਚ ਕਦੇ ਸੁਪਨੇ ਵਿਚ ਵੀ ਦਇਆ ਨਹੀਂ ਆ ਸਕਦੀ, ਭਾਵ, ਉਨ੍ਹਾਂ ਦਾ ਹਿਰਦਾ ਕਦੇ ਨਹੀਂ ਪਸੀਜ ਸਕਦਾ।੨।

## ਚਾਰਿ ਚਰਨ ਕਹਹਿ ਬਹੁ ਆਗਰ ॥
## ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥

ਸਿਆਣੇ, ਭਾਵ, ਗਿਆਨੀ ਮਨੁਖ, ਅਜਿਹੇ ਮਨੁਖਾਂ ਨੂੰ ਚੌਪਾਏ, ਭਾਵ, ਪਸ਼ੂ ਹੀ ਆਖਦੇ ਹਨ। ਅਸਲ ਗਲ ਤਾਂ ਇਹ ਹੈ ਕਿ ਇਸ ਕਲਿਜੁਗ ਦੇ ਸਮੇਂ ਦੇ ਦੌਰਾਨ ਵਿਸ਼ਿਆਂ ਦੇ ਸਾਗਰ ਵਿਚ ਤਾਂ ਸਾਧੂ ਪੁਰਸ਼ ਹੀ ਅਸਲ ਸੁਖ ਪ੍ਰਾਪਤ ਕਰਦੇ ਹਨ। ਸੁਖਮਨੀ ਸਾਹਿਬ ਵਿਚ ਵੀ ਸੁਖ ਦਾ ਨਿਵਾਸ ਸਾਧੂ ਜਾਂ ਭਗਤ ਦੇ ਹਿਰਦੇ ਵਿਚ ਦਸਿਆ ਗਿਆ ਹੈ-ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।।

# ਕਹੁ ਕਬੀਰ ਬਹੁ ਕਾਇ ਕਰੀਜੈ ॥
# ਸਰਬਸੁ ਛੋਡਿ ਮਹਾ ਰਸੁ
# ਪੀਜੈ ॥੪॥੫॥

ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਬਹੁਤੀਆਂ ਗਲਾਂ ਅਤੇ ਕਰਮਾਂ ਆਦਿ ਦਾ ਕੀ ਲਾਭ ! ਆਪਣਾ ਸਭ ਕੁਝ ਛਡਕੇ ਸਿਰਫ਼ ਨਾਮ ਰਸ ਪੀਓ। ਜਿਵੇਂ ਗੁਰਵਾਕ ਹੈ-ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ।।

Last modified: 2 Mar 2020